ੴ ਵਾਹਿਗੁਰੂ ਜੀ ਕੀ ਫਤਹਿ ॥

ਗੁਰੂਸਵਾਰੇ ਗੁਰਸਿਖਾਂ ਲਈ ਆਪਣੀ ਕਮਾਈ ਤੇ ਜਨਮ ਸਫਲਾ ਕਰਨ ਦਾ ਅਮੋਲਕ ਸਮਾ।
ਹਰ ਗੁਰੂ ਦਾ ਸਿਖ ਇਸ ਮਹਾਨ ਸੇਵਾ ਦੇ ਕੁੰਭ'ਚ ਹਿਸਾ ਪਾਉਣ ਤੋਂ ਵਾਂਝਾ ਨਾ ਰਹਿ ਜਾਏ॥

## ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
## ੩੦੦ ਸਾਲਾ ਗੁਰਤਾ ਗੱਦੀ ਦੇ ਪਵਿਤਰ ਦਿਵਸ ਨੂੰ ਸਮਰਪਿਤ

# ਸੇਵਾ ਦਾ ਮਹਾਨ ਕੁੰਭ

ਸਤਿਕਾਰ ਯੋਗ ਗੁਰੂ ਪਿਆਰੀ ਸਾਧ ਸੰਗਤ ਜੀਉ!

''ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ'' ਬੁਲਾਈ ਪਰਵਾਨ ਕਰਨੀ। ਗੁਰਮੁਖੋ ਪਿਆਰਿਓ ਬਹੁਤ ਸਾਰੀਆਂ ਸੰਗਤਾਂ ਹੋ ਰਹੀਆਂ ਸੇਵਾਵਾਂ ਦੇ ਦਰਸ਼ਨ ਕਰ ਚੁਕੀਆਂ ਹਨ, ਅਤੇ ਕਰ ਰਹੀਆਂ ਹਨ। ਕਿ ਕਿਸ ਤਰ੍ਹਾਂ ਗੁਰੂ ਪਿਆਰੀਆਂ ਸੰਗਤਾ ਤਨ, ਮਨ ਅਤੇ ਧਨ ਨਾਲ ਸੇਵਾ ਕਰਕੇ, ਸਿਮਰਨ ਕਰਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੀਆਂ ਹਨ। ਗੁਰਮੁਖੋ ਗੁਰਦੁਆਰਾ ਲੰਗਰ ਸਾਹਿਬ ਦੀ ਇਮਾਰਤ ਤਿਆਰ ਹੋ ਚੁਕੀ ਹੈ। ਗੁਰੂ ਮਹਾਰਾਜ ਦੀ ਪਾਲਕੀ ਸੋਨੇ ਦੀ ਤਿਆਰ ਹੋ ਚੁਕੀ ਹੈ। ਦਰਵਾਜੇ ਸੋਨੇ ਦੇ ਬਨ ਗਏ ਹਨ ਜੀ। ਉਪਰੰਤ ਸ਼੍ਰੋਮਣੀ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸੁੰਦਰ ਸੋਨੇ ਦੀ ਪਵਿਤਰ ਪਾਲਕੀ ਸਾਹਿਬ ਤਿਆਰ ਹੋ ਰਹੀ ਹੈ। ਉਪਰੰਤ ਗੁਰਦੁਆਰਾ ਲੰਗਰ ਸਾਹਿਬ ਦੇ ਮੇਨ ਗੇਟ, ਅੰਗੀਠਾ ਸਾਹਿਬ ਅਤੇ ਦਰਸ਼ਨੀ ਡਿਉੜੀ ਦੇ ਸੋਨੇ ਦੇ ਕਲਸਾਂ ਦੀ ਸੇਵਾ ਸ਼ੁਰੂ ਹੈ। ਉਪਰੰਤ ੨੦੦੮'ਚ ਗੁਰਤਾ ਗਦੀ ਦਾ ੩੦੦ ਸਾਲਾ ਪਵਿਤਰ ਦਿਹਾੜਾ ਮਨਾਉਂਣ ਦੀਆਂ ਤਿਆਰੀਆਂ ਜੋਰ ਸ਼ੋਰ ਨਾਲ ਸ਼ੁਰੂ ਹਨ ਜੀ। ਉਪਰੰਤ ਹਰ ਪਖੋਂ ਸੰਗਤਾ ਦੀ ਸਹੂਲਤ ਨੂੰ ਮੁਖ ਰਖਕੇ ਧੰਨ ਧੰਨ ਬਾਬਾ ਬੁਢਾ ਸਾਹਿਬਜੀ ਦੀ ਪਵਿਤਰ ਯਾਦ'ਚ (N.R.I.) ੧੦ ਮੰਜਲੀ ਸਰਾਂ ਦੀ ਸੇਵਾ ਸ਼ੁਰੂ ਹੈ, ੧੮੦ ਕਮਰੇ (ਏਅਰ ਕੰਡੀਸ਼ਨ) ਬਨਣੇ ਹਨ, ੨ ਲਿਫਟਾਂ ਵੀ ਲਗ ਰਹੀਆਂ ਹਨ। ਇਸਤੋਂ ਪਹਿਲਾ ਸਤਿਗੁਰੂ ਦੀ ਅਪਾਰ ਕਿਰਪਾ ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰੋੜਾ ਰੁਪੈ ਦੀ ਜਗ੍ਹਾ ਖਰੀਦ ਕੇ ੧੦੦੦ ਕਮਰਾ ਤਿਆਰ ਹੋ ਚੁਕਾ ਹੈ। ਹੋਰ ੪ ਮੰਜਲੀ ਸਰਾਂ ਦੀ ਸੇਵਾ ਸ਼ੁਰੂ ਹੈ। ਉਪਰੰਤ ਗੁਰਦੁਆਰਾ ਲੰਗਰ

ਸਾਹਿਬ (ਡੇਰਾ ਸੰਤ ਬਾਬਾ ਨਿਧਾਨ ਸ਼ਿੰਘ ਜੀ) ਗੁ: ਨਾਨਕਸਰ ਸਾਹਿਬ, ਗੁ: ਰਤਨਗੜ ਸਾਹਿਬ, ਗੁ: ਸਾਹਿਬਜਾਦੇ ਬਾਬਾ ਜੋਰਾਵਰ ਸਿੰਘ ਜੀ – ਬਾਬਾ ਫਤਹਿ ਸਿੰਘ ਜੀ ਦੀ ਪਵਿਤਰ ਯਾਦ'ਚ (ਦੇਗਲੂਰ) ਜੋਕਿ ਗੁ: ਨਾਨਕ ਝੀਰਾ ਸਾਹਿਬ (ਬਿਦਰ) ਨੂੰ ਜਾਂਦਿਆਂ ਰਸਤੇ'ਚ ਸੰਗਤਾਂ ਦੀ ਮੰਗ ਨੂੰ ਮੁਖ ਰਖਕੇ ਗੁਰੂ ਕਾ ਲੰਗਰ ਸ਼ੁਰੂ ਕੀਤਾ ਹੈ। ਜੋਕਿ ਬੜੀ ਚੜਦੀ ਕਲਾ ਵਿਚ ਚਲ ਰਿਹਾ ਹੈ। ਅਤੇ ਗੁ: ਲੋਹਗੜ ਸਾਹਿਬ (ਲੋਹਾ–ਨਾਂਦੇੜ) ਵਿਖੇ, ਸੰਗਤਾ ਦੀ ਸਹੂਲਤ ਨੂੰ ਮੁਖ ਰਖਕੇ, ਲੰਗਰ ਹਾਲ ਵਡੇ ਕੀਤੇ ਜਾ ਰਹੇ ਹਨ। ਅਤੇ ਕਮਰੇ ਬਨਾਉਂਣ ਦੀ ਸੇਵਾ ਵਡੇ ਪੱਧਰ ਤੇ ਸ਼ੁਰੂ ਹੈ। ਹੋਰ ਮੇਨ ਰੋਡ ਤੋਂ ਗੁ: ਨਾਨਕਸਰ ਸਾਹਿਬ, ਗੁ: ਰਤਨਗੜ ਸਾਹਿਬ ਦੇ ਦਰਸ਼ਨਾਂ ਵਾਸਤੇ ੬ ਕਿ.ਮੀ. ਲੰਬੀ ਸੀਮਿੰਟ ਦੀ ਰੋਡ ਦੀ ਸੇਵਾ ਸੰਪੂਰਨ ਹੋ ਚੁਕੀ ਹੈ। ਜਿਸਤੇ ਕਰੋੜਾਂ ਦਾ ਖਰਚ ਹੋ ਚੁਕਾ ਹੈ ਜੀ। ਅਤੇ ਹੋਰ ਮਹਾਨ ਪਵਿਤਰ ਅਸਥਾਨ

੧) ਗੁ: ਪਾਤਸ਼ਾਹੀ ਦਸਵੀਂ ਮਾਨਕ ਟਪਰਾ
੨) ਗੁ: ਪਾਤਸ਼ਾਹੀ ਦਸਵੀਂ ਭਗਵਾਸ
੩) ਗੁ: ਪਾਤਸ਼ਾਹੀ ਸਤਵੀਂ ਦੁਸਾਂਝ
੪) ਗੁ: ਪਾਤਸ਼ਾਹੀ ਪੰਜਵੀਂ ਭੰਗਾਲਾ
੫) ਗੁ: ਬੰਦਾ ਸਿੰਘ ਬਹਾਦਰ ਬਨੂੜ ਅਤੇ ਸਪਰੋੜਥੇਹ
੬) ਗੁ: ਭਾਈ ਬਹਿਲੋ ਪਿੰਡ ਬਹਿਲਾ
੭) ਗੁ: ਪਾਤਸ਼ਾਹੀ ਦਸਵੀਂ ਗੁਪਤਸਰ ਸਾਹਿਬ, ਮਨਮਾੜ
੮) ਗੁ: ਟਾਹਲੀਂ ਸਾਹਿਬ, ਗੁ: ਦਮਦਮਾ ਸਾਹਿਬ (ਲੁਧਿਆਣਾ)
੯) ਗੁ: ਰੇਰੂ ਸਾਹਿਬ (ਸਾਹਨੇਵਾਲ)
੧੦) ਗੁ: ਮੋਊ ਸਾਹਿਬ ਪਾਤਸ਼ਾਹੀ ਦਸਵੀਂ ਆਦਿ ਪਵਿਤਰ ਅਸਥਾਨਾਂ ਤੇ ਸਤਿਗੁਰੂ ਦੀ ਅਪਾਰ ਕਿਰਪਾ ਤੇ ਸੰਗਤਾਂ ਦੇ ਸਹਿਯੋਗ ਨਾਨ ਸੇਵਾ ਸ਼ੁਰੂ ਹੈ।

## ਸੰਪੂਰਨ ਹੋ ਚੁਕੀਆਂ ਸੇਵਾਵਾਂ

ਸ਼੍ਰੋਮਣੀ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਅੰਦਰਲੇ ਦਰਵਾਜਿਆਂ ਨੂੰ ਸੋਨਾ ਲਗਾਉਨ ਦੀ ਸੇਵਾ, ਬਾਹਰਲੇ ਦਰਵਾਜਿਆਂ ਨੂੰ ਚਾਂਦੀ ਲਗਾਉਨ ਦੀ ਸੇਵਾ, ਸਚਖੰਡ ਸਾਹਿਬ ਦੇ ਚਾਰੋਂ ਤਰਫ ਸੰਗਮਰਮਰ ਲਗਾਉਨ ਦੀ ਸੇਵਾ, ਚਾਰੋਂ ਤਰਫ ਗੇਟ, ਲੰਗਰ ਹਾਲ, ਦਿਵਾਨ ਹਾਲ ਅਤੇ ਹੋਰ ਮਹਾਨ ਸੇਵਾ ਗੁਰਦੁਆਰਾ ਹੀਰਾ ਘਾਟ ਸਾਹਿਬ, ਗੁਰਦੁਆਰਾ ਸ਼ਿਕਾਰ ਘਾਟ ਸਾਹਿਬ, ਗੁ: ਨਗੀਨਾ ਘਾਟ ਸਾਹਿਬ ਸਮੇਤ ਸਰੋਵਰ, ਗੁ: ਬੰਦਾ ਘਾਟ ਸਾਹਿਬ, ਗੁ: ਮਾਲਟੇਕੜੀ ਸਾਹਿਬ, ਗੁ: ਸੰਗਤ ਸਾਹਿਬ ਸੇਵਾਵਾਂ ਹੋ ਚੁਕੀਆਂ ਹਨ।

ਸੋ ਸਰਬਤ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਹ ਸਾਰੀ ਸੇਵਾ ਸਤਿਗੁਰੂ ਦੀ ਅਪਾਰ ਕਿਰਪਾ ਅਤੇ ਸੰਗਤਾਂ ਦੇ ਸਹਿਯੋਗ ਨਾਲ ਚਲ ਰਹੀ ਹੈ। ਸੋ ਵਧ ਚੜਕੇ ਸੇਵਾ'ਚ ਸਹਿਯੋਗ ਦਿਉ ਅਤੇ ਆਪਣੀ ਪਵਿਤਰ ਕਮਾਈਚੋਂ ਦਸਵੰਧ ਭੇਜਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰਮੁਖੋ ਸੇਵਾ ਗੁਰੂ ਹੀ ਕਰਵਾ ਰਿਹਾ ਹੈ। ਗੁਰੂ ਦੀ ਹੀ ਹੋ ਰਹੀ ਹੈ। ਮਾਇਆ ਸੰਗਤਾਂ ਦੀ ਹੀ ਲਗਦੀ ਹੈ।

ਪੁੰਨ ਦਾਨੁ ਜੋ ਬੀਜਦੇ, ਸਭ ਧਰਮ ਰਾਇ ਕੈ ਜਾਈ।
ਕਰ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ।।

ਗੁਰਮੁਖੋ ਇਹ ਹਿਰਾ ਜਨਮ ਬਾਰ ਬਾਰ ਨਹੀ ਮਿਲਦਾ। ਸੇਵਾ ਸਿਮਰਨ ਕਰਕੇ ਇਸਨੂੰ ਗੁਰੂ ਲੇਖੇ ਲਾ ਲੈਣਾ ਚਾਹੀਦਾ ਹੈ।

ਗੁਰੂ ਸੇਵਾ ਤਪਾ ਸਿਰਿ ਤਪੁ ਸਾਰ।
ਐਥੇ ਮੀਲਨ ਵਡਿਆਈਆਂ ਦਰਗਹ ਮੋਖ ਦੁਆਰ।।

ਹੋਰ ਆਪ ਸਰਬਤ ਗੁਰਮੁਖਾਂ ਪਿਆਰਿਆਂ ਨੂੰ ''ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ''।।

ਗੁਰੂ ਪੰਥ ਦੇ ਦਾਸ–

ਨਰਿੰਦਰ ਸਿੰਘ

**ਮੌਜੂਦਾ ਮੁਖੀ ਸੰਤ ਬਾਬਾ ਨਰਿੰਦਰ ਸਿੰਘ ਜੀ**

ਕਾਰ ਸੇਵਾ ਵਾਲੇ

ਗੁਰਦੁਆਰਾ ਲੰਗਰ ਸਾਹਿਬ, ਨਾਂਦੇੜ